ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ ੳ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106
ਫੈਕਸ:0172-2624687 ਈ-ਮੇਲssapunjab@yahoo.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਟੀ.ਟੀ)/ਐਸ.ਐਸ.ਏ/2010/002017-002036
ਮਿਤੀ ਚੰਡੀਗੜ੍ਹ :19.01.10

**ਵਿਸ਼ਾ:- ਟੀ.ਐਲ.ਐਮ.ਗਰਾਂਟ ਨੂੰ ਖਰਚਣ ਸਬੰਧੀ।**
**ਹਵਾਲਾ:**-ਪੱਤਰ ਨੰ. 13/12-2009/**ਐਸ.ਐਸ.ਏ/ਐਮ.ਆਈ.ਐਸ**/43616-42685 ਮਿਤੀ **ਚੰਡੀਗੜ੍ਹ** 25.5.09

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪ੍ਰਾਇਮਰੀ ਅਤੇ ਮਿਡਲ ਜਮਾਤਾਂ ਤੱਕ ਪੜ੍ਹਾਉਣ ਵਾਲੇ ਅਧਿਆਪਕ ਨੂੰ ਹਰੇਕ ਸਾਲ ਟੀ.ਐਲ.ਐਮ. ਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ। ਪਰ ਦੇਖਣ ਵਿੱਚ ਅਕਸਰ ਇਹ ਆਇਆ ਹੈ ਕਿ ਅਧਿਆਪਕ ਸਮੇਂ ਸਿਰ ਇਹ ਗਰਾਂਟ ਖਰਚ ਨਹੀਂ ਕਰਦੇ। ਜਿਸ ਕਰਕੇ ਗਰਾਂਟ ਅਣਵਰਤੀਂ ਹੀ ਪਈ ਰਹਿੰਦੀ ਹੈ। ਜੋ ਕਿ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਦੂਸਰਾ, ਬੱਚਿਆਂ ਨੂੰ ਵੀ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ। ਜਦ ਕਿ ਸਮੇਂ ਸਿਰ ਟੀ.ਐਲ.ਐਮ. ਗਰਾਂਟ ਨੂੰ ਖਰਚਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ।

3.0 ਪ੍ਰਾਇਮਰੀ ਅਧਿਆਪਕਾਂ ਨੂੰ ਮਿਤੀ 7 ਜਨਵਰੀ ਤੋਂ 8 ਜਨਵਰੀ 2010 ਤੱਕ ਟੀ.ਐਲ.ਐਮ. ਦੀ ਵਰਤੋਂ ਸਬੰਧੀ ਦੋ ਰੋਜ਼ਾ ਵਰਕਸ਼ਾਪ ਲਗਾ ਕੇ ਇਸ ਦੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਮਿਤੀ 12 ਜਨਵਰੀ ਤੋਂ 14 ਜਨਵਰੀ 2010 ਤੱਕ ਪ੍ਰਾਇਮਰੀ ਸਕੂਲਾਂ ਅੰਦਰ ਹੋਈਆਂ ਛੁੱਟੀਆਂ ਅੰਦਰ ਸੀ.ਐਮ.ਟੀ. ਰਾਹੀਂ ਟੀ.ਐਲ.ਐਮ. ਦੀ ਤਿਆਰੀ ਸਬੰਧੀ ਅਧਿਆਪਕਾਂ ਨੂੰ ਕਿਹਾ ਵੀ ਗਿਆ ਸੀ। ਅਤੇ ਅਧਿਆਪਕ ਦੁਆਰਾ ਟੀ.ਐਲ.ਐਮ.ਤਿਆਰ ਵੀ ਕੀਤੀ ਗਈ ਹੈ।

4.0 ਆਪ ਦੇ ਜ਼ਿਲ੍ਹੇ ਦੇ ਪ੍ਰਾਇਮਰੀ ਅਤੇ ਮਿਡਲ ਜਮਾਤਾਂ ਤੱਕ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਜਾਰੀ ਕੀਤੀ ਗਈ ਟੀ.ਐਲ.ਐਮ.ਦੀ ਰਾਸ਼ੀ ਜਲਦ ਤੋਂ ਜਲਦ ਖਰਚ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਅਤੇ ਖਰਚ ਕੀਤੀ ਜਾ ਚੁੱਕੀ ਰਾਸ਼ੀ ਦੀ ਰਿਪੋਰਟ ਆਪ ਜੀ ਵੱਲੋਂ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

5.0 ਹਫ਼ਤਾਵਾਰੀ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਹੋਣ ਵਾਲੀਆਂ ਮੀਟਿੰਗਾਂ ਵਿੱਚ ਖਰਚੀ ਗਈ ਰਾਸ਼ੀ ਦਾ ਰਿਵਿਊ ਜ਼ਰੂਰ ਕੀਤਾ ਜਾਵੇ।

6.0 ਅੱਪਰ-ਪ੍ਰਾਇਮਰੀ ਲਈ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਅਤੇ ਪ੍ਰਾਇਮਰੀ ਪੱਧਰ ਤੇ ਬੀ.ਐਮ.ਟੀ./ਸੀ.ਐਮ.ਟੀ ਅਤੇ ਜ਼ਿਲ੍ਹਾ ਕੋਆਰਡੀਨੇਟਰ ਟੀ.ਐਲ.ਐਮ. ਦੀ ਰਾਸ਼ੀ ਸਮੇਂ ਸਿਰ ਖਰਚਣ ਲਈ ਇਸ ਦੀ ਮੁਨੀਟਰਿੰਗ ਕਰਨ।

7.0 ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/002037-002316 ਮਿਤੀ: 19.01.10

ਉਤਾਰਾ(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
(2) ਸਮੂਹ ਸਰਕਲ ਸਿੱਖਿਆ ਅਫ਼ਸਰ, ਨਾਭਾ, ਫਰੀਦਕੋਟ ਅਤੇ ਜਲੰਧਰ।
(3) ਸਮੂਹ ਬੀ.ਪੀ.ਈ.ੳ.ਪੰਜਾਬ।
(4) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(5) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
(6) ਡੀ.ਐਮ(ਐਮ.ਆਈ.ਐਸ) ਵੈੱਬਸਾਇਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**